202681567
23/6/2026
ਕ੍ਰ-1

ਚੋਣਕਾਰ ਰਜਿਸਟਰੇਸ਼ਨ ਅਫਸਰ, 092-ਬਠਿੰਡਾ (ਸ਼ਹਿਰੀ)
-ਕਮ- ਉਪ ਮੰਡਲ ਮੈਜਿਸਟਰੇਟ, ਬਠਿੰਡਾ
(Room No. 316, 2nd Floor, Mini Secretariat, Bathinda) E-Mail ID :- ero-92@punjab.gov.in

SIR

ਪੱਤਰ ਨੰ:803/ਚੋਣਾਂ 2026 ਮਿਤੀ:22/06/2026

## ਦਫ਼ਤਰੀ ਹੁਕਮ

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਐਸ.ਆਈ.ਆਰ ਦਾ ਕੰਮ ਪ੍ਰਗਤੀ ਅਧੀਨ ਹੈ। ਐਸ.ਆਈ.ਆਰ. ਦੇ ਕੰਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਨਿਮਨ ਅਨੁਸਾਰ ਕਰਮਚਾਰੀਆਂ ਦੀ ਡਿਊਟੀ ਹੇਠ ਲਿਖੇ ਬੂਥ ਤੇ ਬਤੌਰ ਬੀ.ਐਲ.ਓ. ਵਿਧਾਨ ਸਭਾ ਹਲਕਾ 092-ਬਠਿੰਡਾ (ਸ਼ਹਿਰੀ) ਵਿਚ ਲਗਾਈ ਜਾਂਦੀ ਹੈ:-

| ਬੂਥ ਨੰਬਰ | ਪਹਿਲਾਂ ਬੀ.ਐਲ.ਓ ਡਿਊਟੀ ਕਰ ਰਹੇ ਕਰਮਚਾਰੀ ਦਾ ਨਾਮ, ਅਹੁੰਦਾ | ਨਵੇਂ ਲਗਾਏ ਗਏ ਬੀ.ਐਲ.ਓਜ਼ ਦਾ ਨਾਮ ਅਤੇ ਅਹੁਦਾ | ਦਫ਼ਤਰ ਦਾ ਨਾਮ | ਵਿਸ਼ੇਸ਼ ਕਥਨ |
|---|---|---|---|---|
| 16 | ਸ੍ਰੀ ਕੁਲਵਿੰਦਰ ਸਿੰਘ, ਜਿਲ੍ਹਾ ਸਿੱਖਿਆ ਵਿਭਾਗ (ਐਲੀ), ਬਠਿੰਡਾ | ਸ੍ਰੀ ਹਰਜਿੰਦਰ ਸਿੰਘ ਐਸ.ਐਲ.ਏ. (62845-53552) | ਸ.ਸ.ਸ.ਸ. ਨਰੂਆਣਾ | ਪਹਿਲਾਂ ਕੰਮ ਰਹੇ ਬੀ.ਐਲ.ਓ ਵੱਲੋ ਆਪਣੀ ਨੋਕਰੀ ਤੋ ਅਸਤੀਫਾ ਦੇਣ ਕਾਰਨ |

ਉਕਤ ਅਨੁਸਾਰ ਆਪ ਦੀ ਡਿਊਟੀ ਬਤੌਰ ਬੀ.ਐਲ.ਓ. ਵਿਧਾਨ ਸਭਾ ਹਲਕਾ 092-ਬਠਿੰਡਾ (ਸ਼ਹਿਰੀ) ਵਿਚ ਰਿਜ਼ਰਵ ਸਟਾਫ ਵਿੱਚ ਲੱਗੀ ਹੋਈ ਹੈ। ਹੁਣ ਉਕਤ ਕਰਮਚਾਰੀ ਵਲੋਂ ਮੈਡੀਕਲ ਸਮੱਸਿਆ ਹੋਣ ਕਰਕੇ ਨੌਕਰੀ ਤੋਂ ਅਸਤੀਫਾ ਦੇਣ ਕਾਰਨ ਆਪ ਦੀ ਡਿਊਟੀ ਬਤੌਰ ਬੀ.ਐਲ.ਓ ਬੂਥ ਨੰ:16 ਤੇ ਲਗਾਈ ਗਈ ਹੈ। ਇਸ ਲਈ ਆਪਣੇ ਬੂਥ ਨਾਲ ਸਬੰਧਤ ਸਮਾਨ ਪ੍ਰਾਪਤ ਕਰਨ ਅਤੇ ਕੰਮ ਸਬੰਧੀ ਟ੍ਰੇਨਿੰਗ ਲੈਣ ਲਈ ਨਿਮਨ-ਹਸਤਾਖਰ ਦੇ ਦਫਤਰ ਵਿਖੇ ਮਿਤੀ:23-06-2026 ਨੂੰ ਸਵੇਰੇ 11:00 ਵਜੇ ਕਮਰਾ ਨੰ: 316 ਵਿੱਚ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ। **ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਵਲੋਂ ਜਾਰੀ ਸ਼ਡਿਊਲ ਅਨੁਸਾਰ ਐਸ.ਆਈ.ਆਰ.-2026 ਦਾ ਕੰਮ ਪ੍ਰਗਤੀ ਅਧੀਨ ਹੈ, ਇਸ ਲਈ ਬੀ.ਐਲ.ਓ. ਡਿਊਟੀ ਤੇ ਸਮੇਂ ਸਿਰ ਹਾਜਰ ਨਾ ਹੋਣ ਦੀ ਸੂਰਤ ਵਿੱਚ ਐਸ.ਆਈ.ਆਰ. ਦੇ ਕੰਮ ਵਿੱਚ ਵਿਘਨ ਪਵੇਗਾ ਅਤੇ ਆਪ ਦੇ ਖਿਲਾਫ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਦੇ ਤਹਿਤ ਅਗਲੀ ਕਾਰਵਾਈ ਆਰੰਭੀ ਜਾਵੇਗੀ।**

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਪਿੱਠ ਅੰਕਣ ਨੰ:804-805/ਚੋਣਾਂ ਮਿਤੀ:22-06-2026

ਇਸ ਦਾ ਇੱਕ ਉਤਾਰਾ:

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾਂ ਤੇ ਲੋੜੀਂਦੀ ਕਾਰਵਾਂਈ ਹਿੱਤ।
2. ਜਿਲ੍ਹਾ ਸਿਖਿਆ ਅਸਫਰ (ਸੈਕੰ. ਸਿੱਖਿ.), ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਕਰਮਚਾਰੀ ਨੂੰ ਤੁਰੰਤ ਵਿਭਾਗੀ ਡਿਊਟੀ ਤੋਂ ਅਗਲੇ ਹੁਕਮਾਂ ਤੱਕ ਫਾਰਗ ਕਰਦੇ ਹੋਏ ਇਸ ਦਫ਼ਤਰ ਵਿਖੇ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ। ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਕਰਮਚਾਰੀ ਦੀ ਬੀ.ਐਲ.ਓ ਡਿਊਟੀ ਤੋਂ ਛੋਟ ਸਬੰਧੀ ਕੋਈ ਵੀ ਪੱਤਰ ਵਿਹਾਰ ਇਸ ਦਫਤਰ ਨਾਲ ਨਾ ਕੀਤਾ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 1081 ਮਿਤੀ : 23.06.26

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਸੁਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

24/06/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।